# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

---

ਵੱਲ ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਸਮੂਹ ਜਿਲ੍ਹਾ ਸਾਇੰਸ ਸੁਪਰਵਾਈਜਰ
ਸਮੂਹ ਸਕੂਲ ਮੁੱਖੀ (ਵੈਬ ਸਾਇਟ ਰਾਹੀਂ)
ਪੰਜਾਬ ।

ਮੀਮੋ ਨੰ: ਸਸਅ/ਐਮ.ਸੀ/2012/ 81843- 845
ਮਿਤੀ,ਚੰਡੀਗੜ੍ਹ 06-07-2012

**ਵਿਸ਼ਾ:- ਮਿਤੀ 11 ਜੁਲਾਈ, 2012 ਵਿਸ਼ਵ ਜਨ ਸੰਖਿਆ ਦਿਵਸ ਮਨਾਉਣ ਬਾਰੇ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਮੇਂ ਸਮੇਂ ਕੀਤੇ ਜਾ ਰਹੇ ਦੁਨੀਆਂ ਭਰ ਦੀ ਆਬਾਦੀ ਪ੍ਰਤੀ ਸਰਵੇਖਣ ਅਤੇ ਅੰਕੜੇ ਇਸ ਗੱਲ ਵੱਲ ਸੰਕੇਤ ਕਰਦੇ ਹਨ ਕਿ, ਲਗਾਤਾਰ ਵਧ ਰਹੀ ਆਬਾਦੀ ਕਾਰਨ ਘੱਟ ਰਹੇ ਕੁਦਰਤੀ ਸਾਧਨ ਆਉਣ ਵਾਲੇ ਭਵਿੱਖ ਲਈ ਖਤਰਾ ਹੋ ਸਕਦੇ ਹਨ। ਭਾਰਤ ਦੀ 2010-11 ਜਨਗਣਨਾ ਮੁਤਾਬਿਕ ਇੱਕਲੇ ਭਾਰਤ ਦੀ ਆਬਾਦੀ 1.22 ਅਰਬ ਹੈ ਜਦੋਂ ਕਿ ਦੁਨੀਆਂ ਦੀ ਕੁੱਲ ਆਬਾਦੀ 7 ਅਰਬ ਹੈ। ਭਾਰਤ ਵਿੱਚ ਹਰ ਇੱਕ ਮਿੰਟ ਬਾਅਦ 51 ਬੱਚੇ ਜਨਮ ਲੈਂਦੇਂ ਹਨ ਅਤੇ 2030 ਵਿੱਚ ਭਾਰਤ ਜਨਸੰਖਿਆ ਦੇ ਆਧਾਰ ਤੇ ਇੱਕ ਨੰਬਰ ਹੋਵੇਗਾ ਜੋ ਕਿ ਖੁਸੀ ਦੀ ਗੱਲ ਨਹੀਂ ਹੈ ਬਲਕਿ ਬਹੁਤ ਜਿਆਦਾ ਚਿੰਤਾਜਨਕ ਹੈ। ਜਿਸ ਦਾ ਮੁਖ ਕਾਰਨ ਭਾਰਤ ਵਿੱਚ ਅਨਪੜ੍ਹਤਾ ਦਾ ਹੋਣਾ ਹੈ। ਇਸ ਲਈ ਵਿਦਿਆਰਥੀਆਂ ਨੂੰ ਕਿਤਾਬੀ ਪੜ੍ਹਾਈ ਦੇ ਨਾਲ-ਨਾਲ ਇਸ ਪ੍ਰਤੀ ਜਾਗਰੂਕ ਕਰਨਾ ਬਹੁਤ ਜਰੂਰੀ ਹੈ।

3.0 ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਦੁਨੀਆਂ ਭਰ ਵਿੱਚ ਮਿਤੀ 11 ਜੁਲਾਈ 2012 ਨੂੰ ' World Population Day ' ਮਨਾਇਆ ਜਾਂਦਾ ਹੈ ਜਿਸ ਦਾ ਮੁੱਖ ਮੰਤਵ ਇਸ ਬਾਰੇ ਜਾਗਰੂਕ ਹੋਣਾ ਅਤੇ ਜਾਗਰੂਕ ਕਰਵਾਉਣਾ ਹੈ।

3.1 ਇਸ ਲਈ ਇਸ ਦਿਨ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਵਿੱਚ ਅੰਕੜਿਆਂ ਸਹਿਤ, ਇਸ ਚਿੰਤਾਜਨਕ ਵਿਸ਼ੇ ਬਾਰੇ ਜਾਣੂ ਕਰਵਾਇਆ ਜਾਵੇ।

3.2 ਵਿਦਿਆਰਥੀਆਂ ਨੂੰ ਇਸ ਗੱਲ ਬਾਰੇ ਵੀ ਜਾਗਰੂਕ ਕੀਤਾ ਜਾ ਸਕਦਾ ਹੈ। ਕਿ ਇਹ ਸਮੱਸਿਆ ਦੀ ਜੜ੍ਹ ਅਨਪੜ੍ਹਤਾ ਹੈ। ਜੇਕਰ ਆਪਣੇ ਦੇਸ਼, ਸ਼ਹਿਰ, ਪਿੰਡ ਦੇ ਲੋਕ ਪੜ੍ਹੇ ਲਿਖੇ ਹੋਣਗੇ, ਇਸ ਪ੍ਰਤੀ ਪਹਿਲਾਂ ਹੀ ਸੁਚੇਤ ਰਹਿਣਗੇ। ਇਸਲਈ ਜੇਕਰ ਵਧਦੀ ਆਬਾਦੀ ਤੇ ਕਾਬੂ ਪਾ ਲਿਆ ਜਾਵੇ ਤਾਂ ਇਸ ਕਰਕੇ ਆਉਣ ਵਾਲੀਆਂ ਮੁਸ਼ਕਿਲਾਂ ਜਿਵੇਂ ਜਨ ਸਿਹਤ ਸੇਵਾਵਾ, ਰਹਿਣ ਲਈ ਘਰ, ਹਰ ਵਿਅਕਤੀ ਨੂੰ ਪੂਰਾ ਭੋਜਨ, ਗਰੀਬੀ, ਭੁੱਖਮਰੀ, ਪੜ੍ਹਾਈ ਦੇ ਸਾਧਨ, ਕੁਦਰਤੀ ਸੋਮਿਆਂ ਦੀ ਸੀਮਿਤ ਵਰਤੋਂ, ਬੇਰੁਜਗਾਰੀ, ਪ੍ਰਦੂਸਣ ਵਰਗੀਆਂ ਮੁਸ਼ਕਿਲਾਂ ਤੇ ਖੁਦ-ਬ-ਖੁਦ ਕਾਬੂ ਹੋ ਜਾਵੇਗਾ।

ਇਸ ਲਈ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਹੈ ਕਿ ਮਿਤੀ 11 ਜੁਲਾਈ, 2012 ਨੂੰ ਪਹਿਲੇ ਦੋ ਪੀਰੀਅਡ ਵਿੱਚ ਇਸੇ ਗੱਲ ਨੂੰ ਪ੍ਰਦਰਸ਼ਿਤ ਕਰਦੇ ਚਾਰਟ ਮੇਕਿੰਗ ਜਾਂ ਪੋਸਟ ਮੇਕਿੰਗ ਜਾਂ ਕਾਰਟੂਨ ਮੇਕਿੰਗ/ ਸਕੈਚ ਦੇ ਸਕੂਲ ਵਿੱਚ ਮੁਕਾਬਲੇ ਕਰਵਾਏ ਜਾਣ। ਵਧੀਆਂ ਪੋਸਟਰ ਬਣਾਉਣ ਵਾਲੇ ਵਿਦਿਆਰਥੀਆਂ ਦੇ ਪੋਸਟਰ/ਚਾਰਟ, ਸਕੂਲ ਵਿੱਚ ਪ੍ਰਦਰਸ਼ਿਤ ਕੀਤੇ ਜਾਣ।

- ਇਸ ਸਬੰਧੀ ਵਿਦਿਆਰਥੀ ਨੂੰ ਵੱਧ ਰਹੀ ਆਬਾਦੀ ਦੇ Slogan writing ਦਾ ਜਮਾਤ ਵਿੱਚ ਹੀ ਮੁਕਾਬਲਾ ਕਰਵਾਇਆ ਜਾ ਸਕਦਾ ਹੈ।
- ਵਿਦਿਆਰਥੀਆਂ ਦੀ ਰੁੱਚੀ ਦੇਖਦੇ ਇਸ ਸੰਬੰਧ ਵਿੱਚ ਭਾਸ਼ਣ ਮੁਕਾਬਲਾ, ਕਵਿਤਾ ਉਚਾਰਣ ਵੀ ਕਰਵਾਇਆ ਜਾ ਸਕਦਾ ਹੈ।

4.0 ਉਪਰੋਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਸਹੀ/-
ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ